ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸ਼ਿੱਖਿਆ-3 ਸਾਖਾ)

ਸੇਵਾ ਵਿਖੇ,

ਡਾਇਰੈਕਟਰ, ਸਿੱਖਿਆ ਵਿਭਾਗ(ਸੈ:ਸਿ:) ਪੰਜਾਬ,
ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8,
ਮੋਹਾਲੀ।

ਮੀਮੋ ਨੰ 11/28/2006-3ਸਿ3/ 888095/,
ਮਿਤੀ, ਚੰਡੀਗੜ੍ਹ 7/12/2016

ਵਿਸ਼ਾ: ਸੀ.ਬੀ.ਐਸ.ਈ./ਆਈ.ਸੀ.ਐਸ.ਈ. ਨਾਲ ਸਕੂਲਾਂ ਵੱਲੋਂ ਐਫੀਲੀਏਸਨ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕੀਤੇ ਪ੍ਰਾਈਵੇਟ ਸਕੂਲਾਂ ਦੀ ਮੈਨੇਜਮੈਂਟ ਬਦਲਣ ਸਬੰਧੀ।

***

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਇਹ ਵੇਖਣ ਵਿੱਚ ਆਇਆ ਹੈ ਕਿ ਸੀ.ਬੀ.ਐਸ.ਈ./ਆਈ.ਸੀ.ਐਸ.ਈ. ਐਫੀਲੀਏਸਨ ਪ੍ਰਾਈਵੇਟ ਸਕੂਲ ਸਰਕਾਰ ਦੀ ਬਿਨਾਂ ਪ੍ਰਵਾਨਗੀ ਤੋਂ ਆਪਣੀ ਸਕੂਲ ਦੇ ਮੈਨੇਜਮੈਂਟ ਬਦਲ ਲੈਂਦੇ ਹਨ। ਜਿਸ ਕਰਕੇ ਸਰਕਾਰ ਨੂੰ ਸਿਕਾਇਤਾਂ ਅਤੇ ਲਿਟੀਗੇਸਨ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬ ਰਾਜ ਵਿੱਚ ਸੀ.ਬੀ.ਐਸ.ਈ./ਆਈ.ਸੀ.ਐਸ.ਈ. ਐਫੀਲੀਏਸਨ ਲੈਣ ਸਬੰਧੀ ਬਾਈਲਾਅਜ ਦੇ ਨਿਯਮਾਂ ਅਨੁਸਾਰ ਸਕੂਲ ਮੈਨੇਜਮੈਂਟ ਬਦਲਣ ਦਾ ਕੋਈ ਉਪਬੰਧ ਨਹੀਂ ਹੈ। ਇਸ ਲਈ ਪ੍ਰਾਈਵੇਟ ਸਕੂਲਾਂ ਦੀਆਂ ਮੈਨੇਜਮੈਂਟ ਬਦਲਣ ਵਿੱਚ ਕਾਫੀ ਪ੍ਰੇਸਾਨੀਆਂ ਨੂੰ ਵੇਖਦੇ ਹੋਏ ਸਰਕਾਰ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਸੀ.ਬੀ.ਐਸ.ਈ./ਆਈ.ਸੀ.ਐਸ.ਈ. ਮੈਨੇਜਮੈਂਟ ਬਦਲਣ ਸਬੰਧੀ ਆਪਣੀ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਦਾ ਹੈ ਤਾਂ ਪ੍ਰਾਈਵੇਟ ਸੰਸਥਾ ਦੀ ਮੈਨੇਜਮੈਂਟ ਬਦਲਣ ਸਬੰਧੀ 25000/-(ਪੱਚੀ ਹਜਾਰ ਰੁਪਏ) ਜਮ੍ਹਾਂ ਕਰਵਾਉਣ ਉਪਰੰਤ ਅਤੇ ਸਰਕਾਰ ਵੱਲੋਂ ਉਸ ਸਕੂਲ ਦੀ ਇਸਪੈਕਸਨ ਕਰਨ ਉਪਰੰਤ ਹੀ ਮੈਨੇਜਮੈਂਟ ਬਦਲਣ ਸਬੰਧੀ ਐਨ.ਓ.ਸੀ. ਜਾਰੀ ਕੀਤਾ ਜਾਵੇਗਾ। ਜੇਕਰ ਪ੍ਰਾਈਵੇਟ ਸੰਸਥਾ ਸਰਕਾਰ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਸਕੂਲ ਦੀ ਮੈਨੇਜਮੈਂਟ ਬਦਲਦਾ ਹੈ ਤਾਂ ਉਸ ਸੰਸਥਾ ਦੀ ਸੀ.ਬੀ.ਐਸ.ਈ./ਆਈ.ਸੀ.ਐਸ.ਈ. ਨਾਲ ਐਫੀਲੀਏਸਨ ਲੈਣ ਸਬੰਧੀ ਜਾਰੀ ਐਨ.ਓ.ਸੀ. ਰੱਦ ਕੀਤਾ ਜਾਵੇਗਾ। ਪਰ ਉਸ ਸੰਸਥਾ ਦੀ ਇੰਸਪੈਕਸਨ ਕਰਨ ਉਪਰੰਤ 50,000/-(ਕੇਵਲ ਪੰਜਾਹ ਹਜਾਰ ਰੁਪਏ) ਜੁਰਮਾਨਾ ਵੱਖਰੇ ਵੱਖਰੇ ਤੌਰ ਤੇ ਕਰਦੇ ਮੈਨੇਜਮੈਂਟ ਬਦਲਣ ਸਬੰਧੀ ਐਨ.ਓ.ਸੀ. ਜਾਰੀ ਕੀਤਾ ਜਾਵੇਗਾ।

3. ਇਸ ਦੇ ਨਾਲ ਨਾਲ ਹੇਠ ਲਿਖੀਆਂ ਸ਼ਰਤਾਂ ਦੀ ਪਾਲਣਾ ਕਰਨੀ ਵੀ ਯਕੀਨੀ ਬਣਾਈ ਜਾਵੇਗੀ:

(1) ਪੁਰਾਣੀ ਮੈਨੇਜਮੈਂਟ ਦੀਆਂ ਦੇਣਦਾਰੀਆਂ ਦੀ ਜਿੰਮੇਵਾਰੀ ਉਠਾਉਣਾ;
(2) ਸਿੱਖਿਆ ਦੇ ਅਧਿਕਾਰ(ਆਰ.ਟੀ.ਈ.) ਸਬੰਧੀ ਐਕਟ ਦੀ ਪਾਲਣਾ ਕਰਨਾ;
(3) ਸੂਚਨਾਂ ਦੇ ਅਧਿਕਾਰ(ਆਰ.ਟੀ.ਆਈ.) ਸਬੰਧੀ ਐਕਟ ਦੀ ਪਾਲਣਾ ਕਰਨਾ;
(4) ਸਿੱਖਿਆ ਅਧਿਕਾਰੀਆਂ ਵੱਲੋਂ ਸਕੂਲ ਕਿਸੇ ਵੀ ਸਮੇਂ ਇੰਸਪੈਕਟ ਕੀਤਾ ਜਾ ਸਕਦਾ ਹੈ;
(5) ਸਕੂਲ ਦੀ ਇਮਾਰਤ ਦੀ ਸੁਰੱਖਿਆ ਦਾ ਪ੍ਰਬੰਧ ਕਰਨਾ;
(6) ਸਕੂਲ ਵਿੱਚ ਲੜਕੇ, ਲੜਕੀਆਂ ਅਤੇ ਅਪੰਗ ਵਿਦਿਆਰਥੀਆਂ ਲਈ ਅਲੱਗ ਅਲੱਗ ਪਖਾਨਿਆਂ ਦਾ ਪ੍ਰਬੰਧ ਯਕੀਨੀ ਬਣਾਉਣਾ,

4. ਇਹ ਪੱਤਰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ ਵਾਸਤੇ
ਵਿਸੇਸ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ:

1. ਨਿੱਜੀ ਸਕੱਤਰ/ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਮਾਨਯੋਗ ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
3. ਰਿਕਾਰਡਰ ਸਿੱਖਿਆ-3 ਸਾਖਾ।

P. T. O.

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ ਮੁਹਾਲੀ।
(ਸਟੈ - ਸ਼ਾਖਾ)

ਪਿੱਠ ਅੰਕਣ ਨੰ: 17/117-2016 ਸਟੈ (3) ਮਿਤੀ: ਐੱਸ.ਏ.ਐੱਸ. ਨਗਰ:- 27-12-16

ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ-3) ਸ਼ਾਖਾ ਦਾ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪੰਜਾਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਰਕਾਰ ਦੇ ਹੁਕਮਾਂ ਅਨੁਸਾਰ ਕਰਨੀ ਯਕੀ-ਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ (ਸ:ਵਿ:ਸ:)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ।
ਪੱਤਰ ਨੰਬਰ:— ਬੀ-3/1( ) 2016/16686/933. ਮਿਤੀ 28/12/16

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਸੀ.ਸੈ.ਸ.ਸ./ ਹਾਈ. ਸੀ. ਐਸ. ਸੀ. ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

2-1-17

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਬਠਿੰਡਾ।
28-12
ਮਿ. 28/12/16